ਬੱਚਿਆਂ ਲਈ ਬਾਈਬਲ
ਉਪੱਸਥਿਤ

# ਅਲਵਿਦਾ ਫ਼ਿਰਾਊਨ !



ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Janie Forest

ਦੁਆਰਾ ਬਦਲਿਆ ਗਿਆ : Lyn Doerksen

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

©2017 Bible for Children, Inc.
ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।




ਪਰਮੇਸ਼ਵਰ ਨੇ ਮੂਸਾ ਦੇ ਦੁਆਰਾ ਉਸ ਨੂੰ ਹੁਕਮ ਦਿੱਤਾ ਕੀ ਇਸਰਾਏਲੀ ਗੁਲਾਮਾਂ ਨੂੰ ਮਿਸਰ ਛੱਡ ਕੇ ਜਾਣ ਦੇ। ਉਸਨੇ ਮਨਾ ਕਰ ਦਿੱਤਾ।



“ਉਹਨਾਂ ਨੂੰ
ਸਖਤ ਮਿਹਨਤ ਕਰਨ ਦਿਉ”,
ਫ਼ਿਰਾਊਨ ਨੇ ਆਪਣੇ ਗੁਲਾਮ
ਮਾਸਟਰਾਂ ਨੂੰ ਆਖਿਆ।
ਹੁਣ ਇਸਰਾਈਲੀਆਂ
ਲਈ ਸਮਾਂ ਹੋਰ ਵੀ
ਬਦਤਰ ਹੋ ਗਿਆ ਸੀ।


“ਆਪਣੇ ਲਈ ਆਪ ਤੂੜੀ ਇਕੱਠੀ ਕਰੋ। ਅਸੀ ਹੁਣ ਤੋਂ ਬਾਅਦ ਇਹ ਨਹੀ ਦੇਵਾਂਗੇ। ਪਰ ਉਨ੍ਹੀ ਹੀ ਗਿਣਤੀ ਦੀ ਇੱਟ ਬਣਾਉਣੀ ਹੋਵੇਗੀ।”
ਉਹ ਫ਼ਿਰਾਊਨ ਦੇ ਨਵੇਂ ਹੁਕਮ ਸਨ।


ਫੋਰਮੈਨ ਨੇ ਕੁਝ ਗੁਲਾਮਾਂ ਦੇ ਕੋਹੜੇ ਮਾਰੇ ਕਿਉਂਕਿ ਉਹਨਾਂ ਕੋਲ ਤੂੜੀ ਇਕੱਠੀ ਕਰਨ ਦਾ ਸਮਾਂ ਨਹੀ ਸੀ ਅਤੇ ਹੁਣ
ਵੀ ਬਹੁਤ ਇੱਟਾਂ ਬਣਾਉਣੀਆਂ ਸਨ।



ਲੋਕਾਂ ਨੇ ਮੂਸਾ
ਅਤੇ ਹਾਰੂਨ
ਤੇ ਉਹਨਾਂ ਦੇ
ਕਸ਼ਟ ਲਈ ਦੋਸ਼
ਲਾਇਆ। ਮੂਸਾ
ਨੇ ਪ੍ਰਾਥਨਾਂ ਕਰਨ

ਲਈ ਜੁਗਾ ਲੱਭੀ।



“ਹੇ ਪ੍ਰਭੂ,” ਉਹ ਰੋਇਆ, “ਤੈਂ ਹਾਲੇ ਤੱਕ ਆਪਣੇ ਲੋਕਾਂ ਨੂੰ ਨਹੀ ਛੁਡਾਇਆ।” ਪਰਮੇਸ਼ਵਰ ਨੇ ਉੱਤਰ ਦਿੱਤਾ, “ਮੈਂ ਯਹੋਵਾ ਹਾਂ, ਅਤੇ ਤੁਹਾਨੂੰ ਬਾਹਰ ਲਿਆਵਾਂਗਾ।”

ਤਦ ਪਰਮੇਸ਼ਵਰ ਨੇ ਮੂਸਾ ਅਤੇ ਹਾਰੂਨ ਨੂੰ ਵਾਪਸ ਫ਼ਿਰਾਊਨ ਦੇ ਕੋਲ ਘੱਲਿਆ। ਜਦ ਸ਼ਕਤੀਸ਼ਾਲੀ ਸ਼ਾਸਕ ਨੇ



ਪਰਮੇਸ਼ਵਰ ਦੇ ਦਾਸ ਕੋਲੋਂ ਪਰਮੇਸ਼ਵਰ ਦੁਆਰਾ ...

... ਦਿੱਤੇ ਹੋਏ
ਚਿੁੰਨ ਦੇ ਬਾਰੇ
ਪੁੱਛਿਆ, ਹਾਰੂਨ
ਦੀ ਲਾਠੀ ਇੱਕ
ਖਤਰਨਾਕ ਸੱਪ



ਵਿੱਚ ਬਦਲ
ਗਈ।



"ਮੇਰੇ ਜਾਦੂਗਰਾਂ ਨੂੰ ਬੁਲਾਉ," ਫ਼ਿਰਾਊਨ ਗੱਜਿਆ। ਜਦ ਮਿਸਰੀ ਜਾਦੂਗਰਾ ਨੇ ਆਪਣੀਆਂ ਲਾਠੀਆਂ ਸਿੱਟੀਆਂ, ਹਰ ਲਾਠੀ ਵੀ ਸੱਪ ਬਣ ਗਈ।



ਪਰ ਹਰੂਨ ਦੀ ਲਾਠੀ
ਬਾਕੀਆਂ ਨੂੰ ਨਿਗਲ
ਗਈ। ਅਜੇ ਵੀ,
ਫ਼ਿਰਾਊਨ ਨੇ ਲੋਕਾਂ
ਨੂੰ ਭੇਜਣ ਤੋਂ
ਇਨਕਾਰ
ਕਰ ਦਿੱਤਾ।



ਅਗਲੀ ਸਵੇਰ ਮੂਸਾ ਅਤੇ ਹਾਰੂਨ ਫ਼ਿਰਾਊਨ ਨੂੰ ਝੀਲ ਤੇ ਮਿਲੇ। ਜਦ ਹਾਰੂਨ ਨੇ ਆਪਣੀ ਲਾਠੀ ਨੂੰ ਆਯੋਜਿਤ ਕੀਤਾ, ਪਰਮੇਸ਼ਵਰ ਨੇ ਪਾਣੀ ਨੂੰ ਲ਼ਹੂ ਵਿੱਚ ਬਦਲ ਦਿੱਤਾ।

ਮੱਛੀਆਂ ਮਰ ਗਈਆਂ! ਲ਼ੋਕ ਉਸ ਪਾਣੀ ਨੂੰ ਨਹੀ ਪੀ ਸਕਦੇ ਸਨ।



ਪਰ ਫ਼ਿਰਾਊਨ ਨੇ ਆਪਣੇ ਮਨ ਨੂੰ ਸਖਤ ਕੀਤਾ। ਉਹ ਇਸਰਾਏਲੀਆਂ ਨੂੰ ਮਿਸਰ ਵਿੱਚੋਂ ਜਾਣ ਨਹੀ ਦੇਵੇਗਾ।





ਫਿਰ ਮੂਸਾ ਨੇ ਫ਼ਿਰਾਊਨ ਨੂੰ ਪਰਮੇਸ਼ਵਰ ਦੇ ਲੋਕਾਂ ਨੂੰ ਭੇਜਣ ਲਈ ਕਿਹਾ। ਫ਼ਿਰਾਊਨ ਨੇ ਫਿਰ ਮਨਾ ਕਰ ਦਿੱਤਾ। ਪਰਮੇਸ਼ਵਰ ਨੇ ਹੋਰ ਬਵਾ ਨੂੰ ਭੇਜਿਆ। ਸਾਰਾ ਮਿਸਰ ਡੱਡੂਆਂ ਨਾਲ ਭਰ ਗਿਆ।



ਹਰ ਘਰ ਵਿੱਚ, ਹਰ ਕਮਰੇ ਵਿੱਚ, ਇੱਥੋਂ ਤੱਕ ਖਾਣਾ ਬਣਾਉਣ ਵਾਲੇ ਬਰਤਨਾਂ ਦੇ ਉੱਤੇ ਵੀ ਡੱਡੂ ਭੱਜ ਰਹੇ ਸਨ! “ਮੇਰੇ ਲਈ ਪ੍ਰਾਥਨਾਂ ਕਰ, ਤਾਂ ਜੋ ਪਰਮੇਸ਼ਵਰ ਇਹਨਾਂ ਡੱਡੂਆਂ ਨੂੰ ਹਟਾ ਦੇਵੇਗਾ,” ਫ਼ਿਰਾਊਨ ਨੇ ਬੇਨਤੀ ਕੀਤੀ।



“ਅਤੇ ਮੈਂ ਤੇਰੇ ਲੋਕਾਂ ਨੂੰ ਜਾਣ ਦੇਵਾਂਗਾ।”
ਪਰ, ਜਦ ਡੱਡੂ ਚਲੇ ਗਏ,
ਫ਼ਿਰਾਊਨ ਨੇ
ਆਪਣਾ ਮਨ
ਬਦਲ ਲਿਆ।
ਉਹ ਗੁਲਾਮਾਂ ਨੂੰ
ਆਜਾਦ ਨਹੀ
ਕਰੇਗਾ।

ਤਦ ਪਰਮੇਸ਼ਵਰ ਨੇ ਅਰਬਾਂ ਛੋਟੇ ਕੀੜੇ ਭੇਜੇ ਜਿਹਨਾਂ ਨੂੰ ਜੂੰ ਕਹਿੰਦੇ ਹਨ। ਹਰ ਮਨੁੱਖ ਅਤੇ ਜਾਨਵਰ ਆਪਣੇ ਦੰਦਾਂ ਨਾਲ ਖੁਰਕਨ ਲੱਗੇ, ਪਰ ਫ਼ਿਰਾਊਨ ਨੇ ਆਪਣਾ ਆਪ ਪਰਮੇਸ਼ਵਰ ਨੂੰ ਨਾ ਦਿੱਤਾ।





ਅਗਲੀ ਵਾਰ

ਪਰਮੇਸ਼ਵਰ ਨੇ ਮੱਖੀਆਂ ਦੇ ਝੂੰਡ ਨੂੰ ਉਹਨਾਂ ਕੋਲ ਭੇਜਿਆ। ਪਰਮੇਸ਼ਵਰ ਨੇ ਮਿਸਰੀਆਂ ਦੇ ਜਾਨਵਰਾਂ ਨੂੰ ਮਾਰਨ ਲਈ ਬਿਮਾਰੀਆਂ ...








ਪਰਮੇਸ਼ਵਰ ਨੇ ਦਰਦ ਭਰੇ ਫੋੜੇ ਭੇਜੇ। ਲੋਕ ਭਿਆਨਕ ਤਰੀਕੇ ਨਾਲ ਮੁਸ਼ਕਲ ਵਿੱਚ ਸਨ। ਤਦ ਵੀ ਫ਼ਿਰਾਊਨ ਨੇ ਪਰਮੇਸ਼ਵਰ ਦਾ ਵਿਰੋਧ ਕੀਤਾ।



ਫੋੜਿਆਂ ਦੀ ਬਵਾ ਦੇ ਬਾਅਦ, ਪਰਮੇਸ਼ਵਰ ਨੇ ਟਿੱਡੀਆਂ ਦੇ ਝੂੰਡ ਨੂੰ ਘੱਲਿਆ। ਟਿੱਡੀਆਂ ਨੇ ਮੈਦਾਨ ਦੇ ਸਾਰੇ ਹਰੇ ਬੂਟਿਆਂ ਨੂੰ ਖਾ ਲਿਆ।

ਤਦ ਪਰਮੇਸ਼ਵਰ ਨੇ
ਪੂਰੇ ਤਿੰਨ ਦਿਨ ਤੱਕ
ਹਨੇਰਾ ਭੇਜਿਆ। ਪਰ ਹਠੀਲੇ
ਫ਼ਿਰਾਊਨ ਨੇ ਇਸਰਾਏਲੀਆਂ
ਨੂੰ ਆਜਾਦ ਨਾ ਕੀਤਾ।



ਪਰਮੇਸ਼ਵਰ ਨੇ ਚੇਤਾਵਨੀ ਦਿੱਤੀ, “ਮੈਂ ਇੱਕ ਹੋਰ ਬਵਾ ਭੇਜਾਂਗਾ। ਅੱਧੀ ਰਾਤ ਦੇ ਵੇਲੇ, ਮਨੁੱਖਾਂ ਅਤੇ ਜਾਨਵਰਾਂ ਦੇ ਸਾਰੇ ਪਹਿਲੋਠੇ ਮਾਰੇ ਜਾਣਗੇ।” ਪਰਮੇਸ਼ਵਰ ਨੇ ਇਸਰਾਏਲੀਆਂ ਨੂੰ ਕਿਹਾ ਕੀ ਤੁਹਾਡੇ ਪਹਿਲੋਠੇ ਬਚ ਜਾਣਗੇ ਜੇਕਰ ਤੁਸੀ ਮੇਮਨੇ ਦੇ ਲਹੂ ਨੂੰ ਆਪਣੀਆਂ ਚੌਗਾਠਾ ਤੇ ਲਾਓਗੇ।




ਅੱਧੀ ਰਾਤ ਨੂੰ, ਇੱਕ ਬਹੁਤ ਵੱਡਾ ਵਰਲਾਪ ਮਿਸਰ ਵਿੱਚ
ਹੋਇਆ। ਮੌਤ ਨੇ ਮਾਰ ਦਿੱਤਾ। ਹਰ ਘਰ ਵਿੱਚ ਇੱਕ ਆਦਮੀ ਮਰ ਗਿਆ ਸੀ।





ਫ਼ਿਰਾਊਨ ਨੇ ਮੂਸਾ ਤੋਂ
ਭੀਖ ਮੰਗੀ, “ਚਲੇ ਜਾਉ,”
“ਜਾਉ, ਪਰਮੇਸ਼ਵਰ
ਦੀ ਸੇਵਾ ਕਰੋ।”



ਜਲਦ ਹੀ, ਪਰਮੇਸ਼ਵਰ ਦੇ ਲੋਕ ਮਿਸਰ ਦੀ ਸੀਮਾ ਤੋਂ ਪਰੇ ਸਨ।



ਪਰਮੇਸ਼ਵਰ ਨੇ ਮੂਸਾ ਨੂੰ ਫ਼ਸਹ ਦੀ
ਰਾਤ ਨੂੰ ਯਾਦ ਰੱਖਣ ਲਈ
ਕਿਹਾ ਕਿਉਂਕਿ ਪਰਮੇਸ਼ਵਰ ਦੇ
ਦੂਤ ਨੇ ਇਸਾਰਏਲੀਆਂ ਦੇ ਘਰਾਂ ਨੂੰ ਛੱਡ ਦਿੱਤਾ
ਅਤੇ ਫ਼ਿਰਾਊਨ ਅਤੇ ਉਸਦੇ ਲੋਕਾਂ ਨੂੰ ਮਾਰਿਆ।



ਚਾਰ ਸੌ ਤੀਹ
ਸਾਲਾਂ ਤੋਂ ਬਾਅਦ
ਮਿਸਰ ਵਿੱਚ

ਪਰਮੇਸ਼ਵਰ ਦੇ ਲੋਕ ਹੁਣ ਆਜਾਦ ਸਨ। ਪਰਮੇਸ਼ਵਰ ਨੇ ਦਿਨ ਵਿੱਚ ਬੱਦਲ ਦੇ ਖੰਭੇ ਅਤੇ ਰਾਤ ਨੂੰ ਅੱਗ ਦੇ ਖੰਭੇ ਨਾਲ ਉਹਨਾਂ ਦੀ ਅਗਵਾਈ ਕੀਤੀ।



ਪਰ ਫ਼ਿਰਾਊਨ
ਇਸਰਾਏਲੀਆਂ ਨਾਲੋਂ
ਟੁਟਿਆ ਨਹੀ ਸੀ।
ਫਿਰ ਉਹ ਪਰਮੇਸ਼ਵਰ
ਨੂੰ ਭੁੱਲ ਗਿਆ। ਫਿਰ
ਉਸਨੇ ਆਪਣਾ ਮਨ
ਬਦਲ ਲਿਆ।



ਆਪਣੀ
ਸੈਨਾ ਨੂੰ ਇਕੱਠਾ ਕਰ
ਕੇ ਉਹ ਗੁਲਾਮਾਂ ਦੇ
ਪਿੱਛੇ ਗਿਆ। ਜਲਦ
ਹੀ, ਉਸਨੇ ਉਹਨਾਂ
ਨੂੰ ਸਮੁੰਦਰ ਅਤੇ
ਚਟਾਨਾਂ ਵਿੱਚ
ਘੇਰ ਲਿਆ।

“ਪਰਮੇਸ਼ਵਰ ਤੁਹਾਡੇ ਲਈ ਲੜੇਗਾ,”
ਮੂਸਾ ਨੇ ਕਿਹਾ। ਮੂਸਾ ਪਾਣੀ ਦੇ ਕੰਢੇ ਤੇ
ਪਹੁੰਚਿਆ ਅਤੇ ਆਪਣੇ ਹੱਥਾਂ
ਨੂੰ ਫੈਲਾਇਆ।


ਇੱਕ ਮਹਾਨ
ਚਮਤਕਾਰ
ਹੋਇਆ। ਪਰਮੇਸ਼ਵਰ
ਨੇ ਪਾਣੀ ਵਿੱਚੋਂ
ਰਾਸਤਾ ਕੱਢਿਆ।
ਲੋਕਾਂ ਨੇ ਸਹੀ
ਸਲਾਮਤ ਉਸ ਨੂੰ
ਪਾਰ ਕੀਤਾ।

ਤਦ ਫ਼ਿਰਾਊਨ ਦੀ ਸੈਨਾਂ ਤੇਜ਼ੀ ਨਾਲ ਲਾਲ ਸਮੁੰਦਰ ਵਿੱਚ ਅੱਗੇ ਵਧੀ। “ਹੁਣ ਅਸੀ ਉਹਨਾਂ ਨੂੰ ਫੜ ਲਵਾਂਗੇ,” ਸਿਪਾਹੀਆਂ ਨੇ ਸੋਚਿਆ। ਪਰ ਪਰਮੇਸ਼ਰ ਨੇ ਪਾਣੀ ਨੂੰ ਬੰਦ ਕਰ ਦਿੱਤਾ।



ਮਿਸਰ ਦੀ ਸ਼ਕਤੀਸ਼ਾਲੀ ਸੈਨਾ ਨਿ.ਗਲ ਲਈ ਗਈ ਸੀ। ਹੁਣ ਫ਼ਿਰਾਊਨ ਜਾਣ ਗਿਆ ਸੀ ਕੀ ਇਸਰਾਏਲ ਦਾ ਪਰਮੇਸ਼ਵਰ
ਪ੍ਰਭੂਆਂ ਦਾ ਪ੍ਰਭੂ ਹੈ।



# ਅਲਵਿਦਾ ਫ਼ਿਰਾਊਨ!

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਕੂਚ ਦੀ ਕਿਤਾਬ 4-15

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

# ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ
ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ
ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ
ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ
ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ
ਯਿਸੂ ਨੂੰ ਭੇਜਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ
ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ
ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ
ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ
ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ
ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ਼ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋ਼ਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16